# ਸੈਰ ਸਪਾਟਾ, ਸੱਭਿਆਚਾਰਕ ਮਾਮਲੇ , ਪੁਰਾਤੱਤਵ, ਅਜਾਇਬਘਰ ਅਤੇ ਪੁਰਾਲੇਖ ਵਿਭਾਗ, ਪੰਜਾਬ

**ਵਿਸ਼ਾ:-** **ਸਰਕਾਰੀ ਕਰਮਚਾਰੀਆਂ ਦੀਆ ਬਦਲੀਆ ਅਤੇ ਤੈਨਾਤੀਆ ਕਰਨ ਸਬੰਧੀ ਤਬਾਦਲਾ ਨੀਤੀ-2018 ਦਾ ਖਰੜਾ ।**

**ਉਦੇਸ਼:-** ਇਸ ਨਿਤੀ ਦਾ ਮੁੱਖ ਉਦੇਸ਼ ਮਨੁੱਖੀ ਵਸੀਲਿਆਂ ਦੀ ਅਨੁਕੂਲ ਤਰੀਕੇ ਨਾਲ ਵੰਡ ਕਰਨੀ ਹੈ ਤਾਂ ਜੋ ਸੈਰ-ਸਪਾਟਾ ਅਤੇ ਸੱਭਿਅਚਾਰ ਨੂੰ ਪ੍ਰਫੁੱਲਤ ਕਰਨ ਹਿੱਤ ਕਰਮਚਾਰੀ ਉਤਸ਼ਾਹਿਤ ਰਹਿਣ ਅਤੇ ਇਸ ਨਿਤੀ ਰਾਹੀਂ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਕਰਮਚਾਰੀਆਂ ਵਿੱਚ ਨੌਕਰੀ ਪ੍ਰਤੀ ਸੰਤੁਸ਼ਟੀ ਵਧਾਉਣਾ।

**ਖਰੜ:-**

ਸੈਰ-ਸਪਾਟਾ, ਸੱਭਿਆਚਾਰਕ ਮਾਮਲੇ , ਪੁਰਾਤੱਤਵ, ਅਜਾਇਬਘਰ ਅਤੇ ਪੁਰਾਲੇਖ ਵਿਭਾਗ, ਪੰਜਾਬ ਵਿੱਚ ਮੌਜੂਦਾ ਮੁੱਖ ਦਫਤਰ ਅਤੇ ਫੀਲਡ ਦਫਤਰ ਦੀਆਂ ਬਦਲੀ ਵਾਲੀਆਂ ਅਸਾਮੀਆਂ ਲਈ ਬਦਲੀਆਂ ਪਾਰਦਰਸ਼ੀ ਢੰਗ ਨਾਲ ਕਰਨ ਲਈ ਤਬਾਦਲਾ ਨੀਤੀ- 2018 ਦਾ ਖਰੜਾ ਹੇਠ ਲਿਖੇ ਅਨੁਸਾਰ ਹੈ:-

i) ਆਮ ਬਦਲੀਆ ਸਾਲ ਵਿੱਚ ਸਿਰਫ ਇਕ ਵਾਰ ਕੀਤੀਆ ਜਾਣਗੀਆ ।

ii) ਤਬਾਦਲਿਆ ਦੇ ਹੁਕਮ ਜੂਨ ਮਹੀਨੇ ਦੇ ਆਖਰੀ ਹਫਤੇ ਜਾਰੀ ਹੋਣਗੇ ਅਤੇ ਕਰਮਚਾਰੀਆਂ ਦੀ ਹਾਜਰੀ (ਜੁਆਇਨਿੰਗ) ਜੁਲਾਈ ਦੇ ਪਹਿਲੇ ਹਫਤੇ ਹੋਵੇਗੀ ।

iii) ਸੰਭਾਵਤ ਖਾਲੀ ਅਸਾਮੀਆ ਦੀ ਅਧਿਸੂਚਨਾ ਹਰ ਸਾਲ 15 ਜਨਵਰੀ ਤੱਕ ਵੈਬ-ਸਾਈਟ ਉਤੇ ਮੁਹਈਆ ਕੀਤੀ ਜਾਵਗੀ।

iv) ਕੋਈ ਵੀ ਕਰਮਚਾਰੀ 3 ਸਾਲ ਤੋ ਪਹਿਲਾ ਤਬਾਦਲੇ ਲਈ ਪ੍ਰਤੀ ਬੇਨਤੀ ਨਹੀ ਦੇ ਸਕੇਗਾ ।

v) ਗਰੁੱਪ ਏ ਅਤੇ ਗਰੁੱਪ ਬੀ ਦੀਆਂ ਬਦਲੀਆਂ ਪ੍ਰਬੰਧਕੀ ਵਿਭਾਗ ਵਲੋਂ ਕੀਤੀਆਂ ਜਾਣਗੀਆਂ ।

vi) ਗਰੁੱਪ ਸੀ ਅਤੇ ਗਰੁੱਪ ਡੀ ਦੀਆਂ ਬਦਲੀਆਂ ਵਿਭਾਗ ਦੇ ਮੁਖੀ ਵਲੋਂ ਕੀਤੀਆਂ ਜਾਣਗੀਆਂ ।

vii) ਬਦਲੀਆ ਬਿਲਕੁਲ ਘੱਟ ਗਿਣਤੀ ਵਿੱਚ ਕੀਤੀ ਜਾਵੇਗੀ, ਬਦਲੀ ਪ੍ਰਬੰਧਕੀ ਆਧਾਰ ਜਾਂ ਤਰਸਯੋਗ ਹਾਲਾਤਾ ਕਰਨ ਲੋੜ ਹੋਵੇ ਉੱਥੇ ਹੀ ਕੀਤੀ ਜਾਵੇਗੀ ।

viii) ਜੋੜਿਆ (ਪਤੀ-ਪਤਨੀ) ਦੇ ਕੇਸਾ ਨੂੰ ਪਹਿਲ ਦਿਤੀ ਜਾਵੇਗੀ , ਅਣ-ਵਿਆਹੀਆ ਲੜਕੀਆ ਅਤੇ ਵਿਧਵਾਵਾਂ ਨੂੰ ਉਨ੍ਹਾ ਦੇ ਸੁਵਿਧਾ ਜਨਕ ਸਥਾਨਾ ਤੇ ਬਦਲੀਆ ਤੇ ਤੈਨਾਤੀਆ ਕਰਨ ਸਮੇ ਕਪਲ ਕੇਸਾ ਤੋ ਉਪਰ ਤਰਜੀਹ ਦਿਤੀ ਜਾਵੇਗੀ ਅਤੇ ਮਹਿਲਾ ਕਰਮਚਾਰੀਆ ਨੂੰ ਸੁਵਿਧਾ ਅਨੁਸਾਰ ਬਦਲੀਆ ਕਰਦੇ ਸਮੇ ਸਟੇਸ਼ਨ ਦੇਣ ਵਿਚ ਤਰਜੀਹ ਦਿਤੀ ਜਾਵੇਗੀ ।

ix) ਅੰਗਹੀਨ ਅਤੇ ਨੇਤਰਹੀਣ ਕਰਮਚਾਰੀਆਂ ਦੀਆ ਬਦਲੀਆ ਨੂੰ ਵਿਚਾਰਦੇ ਸਮੇ ਉਨ੍ਹਾ ਦੀਆ ਮੁਸ਼ਕਲਾ ਨੂੰ ਘੱਟ ਕਰਨ ਵੱਲ ਖਾਸ ਤੋਰ ਤੇ ਧਿਆਨ ਦਿੱਤਾ ਜਾਵੇਗਾ । ਉਹ ਕਰਮਚਾਰੀ ਜਿਨ੍ਹਾਂ ਦੇ ਮਾਪੇ ਦਿਲ ਦੇ ਮਰੀਜ ਹਨ ਜਾਂ ਗੰਭੀਰ ਬਿਮਾਰੀ ਦਾ ਸ਼ਿਕਾਰ ਹਨ ਅਤੇ ਕਰਮਚਾਰੀ ਨਿਰਭਰ ਹਨ, ਉਸ ਕਰਮਚਾਰੀ ਦੀ ਬਦਲੀ ਕਰਦੇ ਸਮੇ ਇਹ ਤੱਥ ਧਿਆਨ ਵਿੱਚ ਲਿਆਉਂਦੇ ਜਾਣਗੇ ।

x) 31 ਮਾਰਚ ਨੂੰ 56 ਸਾਲ ਦੀ ਉਮਰ ਹੋਣ ਤੇ ਕਰਮਚਾਰੀਆਂ ਦੀ ਪੋਸਟਿੰਗ ਹੋਰ ਜਗ੍ਹਾ ਨਾ ਕਰਨ ਦੇ ਉਪਰਾਲੇ ਕੀਤੇ ਜਾਣਗੇ, ਪਰ ਵਿਭਾਗ ਇਹ ਸ਼ਰਤ ਰੱਖ ਸਕਦਾ ਹੈ ਕਿ ਇਹ ਕਰਮਚਾਰੀ ਇਕਰਾਰ ਨਾਮਾ ਦੇਣਗੇ ਕਿ ਉਹ 58 ਸਾਲ ਦੀ ਉਮਰ ਤੋਂ ਬਾਅਦ ਵਾਧਾ ਨਹੀਂ ਲੈਣਗੇ ।

xi) ਆਮ ਬਦਲੀਆ ਤੋ ਬਾਦ ਜੇ ਕਿਸੇ ਮੌਜੂਦਾ ਅਸਾਮੀ ਨੂੰ ਪੂਰ ਕਰਨ ਲਈ ਬਦਲੀ ਕਰਨੀ ਜਰੂਰੀ ਹੋਵੇ ਤਾ ਹੇਠ ਦਰਸਾਏ ਹਾਲਾਤਾ ਕਰਕੇ ਵਿਭਾਗ ਬਦਲੀ ਕਰਨ ਲਈ ਸਮਰੱਥ ਹੋਵੇਗਾ-

ੳ) ਮੁਅਤੱਲੀ
ਅ) ਤਿਆਗ ਪੱਤਰ
ੲ) ਸੇਵਾ ਨਿਵਿਰਤੀ
ਸ) ਤਰੱਕੀ
ਹ) ਨਵੀ ਅਸਾਮੀ ਦੀ ਰਚਨਾ
ਕ) ਮੌਤ, ਜੇਕਰ ਅੱਤ ਲੋੜ ਸਥਿਤੀ ਵਿੱਚ ਮਦਕਲੀਨ ਬਦਲੀ ਦੀ ਲੋੜ ਹੋਵੇਗੀ ਤਾ ਵਿਭਾਗ ਪ੍ਰਬੰਧਕੀ ਵਿਭਾਗ ਰਾਹੀ ਬਦਲੀ ਕਰਨ ਦੀ ਤਜਵੀਜ ਦੀ ਸਹਿਮਤੀ ਪ੍ਰਾਪਤ ਕਰੇਗਾ।

ਉਪਰੋਕਤ ਟ੍ਰਾਂਸਫਰ ਨੀਤੀ ਦੇ ਖਰੜੇ ਸਬੰਧੀ ਜੇਕਰ ਕੋਈ ਕਰਮਚਾਰੀ ਇਤਰਾਜ ਜਾਂ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਸ ਸਬੰਧੀ ਆਪਣੇ ਸੁਝਾਅ/ਇਤਰਾਜ 15 ਦਿਨਾਂ ਦੇ ਅੰਦਰ-ਅੰਦਰ ਇਸ ਵਿਭਾਗ ਨੂੰ ਭੇਜਣੇ ਯਕੀਨੀ ਬਣਾਏਗਾ।